ਮਿੱਠੇ ਬੱਚੇ:- "ਮਿੱਠੇ ਬੱਚੇ :- ਤੁਹਾਡੀ ਹੁਣ ਵਾਣ ਪ੍ਰਸਥ ਅਵਸਥਾ ਹੈ ਕਿਉਂਕਿ ਤੁਸੀਂ ਵਾਣੀ ਤੋਂ ਪਰੇ ਘਰ ਜਾਣਾ ਹੈ ਇਸ ਲਈ ਯਾਦ ਵਿੱਚ ਰਹਿ ਕੇ ਪਾਵਨ ਬਣੋ"

ਪ੍ਰਸ਼ਨ:- ਉੱਚੀ ਮੰਜਿਲ ਤੇ ਪਹੁੰਚਣ ਦੇ ਲਈ ਕਿਹੜੀ ਗੱਲ ਦੀ ਸੰਭਾਲ ਜ਼ਰੂਰ ਰੱਖਣੀ ਹੈ?

ਉੱਤਰ:- ਅੱਖਾਂ ਦੀ ਸੰਭਾਲ ਕਰੋ, ਇਹ ਹੀ ਬਹੁਤ ਧੋਖੇਬਾਜ਼ ਹਨ। ਕ੍ਰਿਮੀਨਲ ਅੱਖਾਂ ਬਹੁਤ ਨੁਕਸਾਨ ਕਰਦੀਆਂ ਹਨ। ਇਸ ਲਈ ਜਿੰਨਾ ਹੋ ਸਕੇ ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰੋ। ਭਰਾ-ਭਰਾ ਦੀ ਦ੍ਰਿਸ਼ਟੀ ਦਾ ਅਭਿਆਸ ਕਰੋ। ਸਵੇਰੇ-ਸਵੇਰੇ ਉੱਠ ਇਕਾਂਤ ਵਿੱਚ ਬੈਠ ਆਪਣੇ ਆਪ ਨਾਲ ਗੱਲਾਂ ਕਰੋ। ਭਗਵਾਨ ਦਾ ਹੁਕਮ ਹੈ - ਮਿੱਠੇ ਬੱਚੇ, ਕਾਮ ਮਹਾਸ਼ਤਰੂ ਤੋਂ ਖ਼ਬਰਦਾਰ ਰਹੋ।

ਓਮ ਸ਼ਾਂਤੀ। ਮਿੱਠੇ-ਮਿੱਠੇ ਰੂਹਾਨੀ ਬੱਚੇ ਇਹ ਤਾਂ ਸਮਝ ਗਏ ਹਨ ਕਿਉਂਕਿ ਇੱਥੇ ਸਮਝਣ ਵਾਲੇ ਹੀ ਆ ਸਕਦੇ ਹਨ। ਇੱਥੇ ਕੋਈ ਮਨੁੱਖ ਨਹੀਂ ਪੜ੍ਹਾਉਂਦੇ ਹਨ। ਇਹ ਤਾਂ ਭਗਵਾਨ ਪੜ੍ਹਾਉਂਦੇ ਹਨ। ਭਗਵਾਨ ਦੀ ਵੀ ਪਹਿਚਾਣ ਚਾਹੀਦੀ ਹੈ। ਨਾਮ ਕਿੰਨਾ ਵੱਡਾ ਹੈ ਭਗਵਾਨ ਅਤੇ ਫ਼ਿਰ ਕਹਿੰਦੇ ਹਨ ਨਾਮ ਰੂਪ ਤੋਂ ਨਿਆਰਾ। ਹੁਣ ਹੈ ਵੀ ਜਿਵੇਂ ਪ੍ਰੈਕਟੀਕਲ ਵਿੱਚ ਨਿਆਰਾ। ਇਨੀ ਛੋਟੀ ਬਿੰਦੀ ਹੈ ਕਹਿੰਦੇ ਵੀ ਹਨ ਆਤਮਾ ਸਟਾਰ ਹੈ। ਜਿਵੇਂ ਉਹ ਸਿਤਾਰੇ ਛੋਟੇ ਤੇ ਨਹੀਂ ਹਨ। ਇਹ ਆਤਮਾ ਸਟਾਰ ਤਾਂ ਸੱਚ-ਸੱਚ ਛੋਟੀ ਹੈ। ਬਾਪ ਵੀ ਬਿੰਦੀ ਹੈ। ਬਾਪ ਤਾਂ ਸਦਾ ਪਵਿੱਤਰ ਹੈ। ਉਨ੍ਹਾਂ ਦੀ ਮਹਿਮਾ ਵੀ ਹੈ ਗਿਆਨ ਦਾ ਸਾਗਰ, ਸ਼ਾਂਤੀ ਦਾ ਸਾਗਰ... ਇਸ ਵਿੱਚ ਮੁੰਝਣ ਦੀ ਕੋਈ ਗੱਲ ਨਹੀਂ। ਮੁੱਖ ਗੱਲ ਹੈ ਪਾਵਨ ਬਣਨ ਦੀ। ਵਿਕਾਰ ਤੇ ਹੀ ਝਗੜਾ ਹੁੰਦਾ ਹੈ। ਪਾਵਨ ਬਣਨ ਦੇ ਲਈ ਪਤਿਤ ਪਾਵਨ ਨੂੰ ਬੁਲਾਉਂਦੇ ਹਨ। ਤਾਂ ਜ਼ਰੂਰ ਪਾਵਨ ਬਣਨਾ ਪਵੇ ਨਾ, ਇਸ ਵਿੱਚ ਮੁੰਝਣਾ ਨਹੀਂ ਹੈ। ਜੋ ਕੁਝ ਬੀਤ ਗਿਆ ਵਿਘਨ ਆਦਿ ਪਏ, ਨਵੀਂ ਗੱਲ ਨਹੀਂ ਹੈ। ਅਬਲਾਵਾਂ ਤੇ ਅੱਤਿਆਚਾਰ ਹੋਣੇ ਹਨ। ਹੋਰ ਸਤਿਸੰਗਾਂ ਵਿੱਚ ਇਹ ਗੱਲਾਂ ਨਹੀਂ ਹੁੰਦੀਆਂ। ਕਿਤੇ ਵੀ ਹੰਗਾਮਾ ਨਹੀਂ ਹੁੰਦਾ। ਇੱਥੇ ਹੰਗਾਮਾ ਖ਼ਾਸ ਇਸ ਗੱਲ ਤੇ ਹੀ ਹੁੰਦਾ ਹੈ। ਬਾਪ ਪਾਵਨ ਬਣਾਉਣ ਆਉਂਦੇ ਹਨ ਤਾਂ ਕਿੰਨਾ ਹੰਗਾਮਾ ਹੁੰਦਾ ਹੈ। ਬਾਪ ਬੈਠ ਪੜ੍ਹਾਉਂਦੇ ਹਨ। ਬਾਪ ਕਹਿੰਦੇਂ ਹਨ ਮੈਂ ਆਉਂਦਾ ਵੀ ਵਾਣਪ੍ਰਸਥ ਅਵਸਥਾ ਵਿੱਚ ਹਾਂ। ਵਾਣਪ੍ਰਸਥ ਅਵਸਥਾ ਦਾ ਕਾਇਦਾ ਵੀ ਇਥੋਂ ਸ਼ੂਰੁ ਹੁੰਦਾ ਹੈ। ਤਾਂ ਵਾਣਪ੍ਰਸਥ ਅਵਸਥਾ ਵਾਲੇ ਜ਼ਰੂਰ ਵਾਣਪ੍ਰਸਥ ਵਿੱਚ ਹੀ ਰਹਿਣਗੇ। ਵਾਣੀ ਤੋਂ ਪਰਾਂ ਜਾਣ ਦੇ ਲਈ ਬਾਪ ਨੂੰ ਪੂਰਾ ਯਾਦ ਕਰ ਪਵਿੱਤਰ ਬਣਨਾ ਹੈ। ਪਵਿੱਤਰ ਬਣਨ ਦਾ ਤਰੀਕਾ ਤਾਂ ਇੱਕ ਹੀ ਹੈ। ਵਾਪਿਸ ਜਾਣਾ ਹੈ ਤਾਂ ਪਵਿੱਤਰ ਜ਼ਰੂਰ ਬਣਨਾ ਹੈ। ਜਾਣਾ ਤਾਂ ਸਭ ਨੇ ਹੈ। ਦੋ-ਚਾਰ ਨੇ ਤਾਂ ਨਹੀਂ ਜਾਣਾ ਹੈ। ਸਾਰੀ ਪਤਿਤ ਦੁਨੀਆਂ ਨੇ ਬਦਲੀ ਹੋਣਾ ਹੈ। ਇਸ ਡਰਾਮੇ ਦਾ ਕਿਸੇ ਨੂੰ ਪਤਾ ਵੀ ਨਹੀਂ ਹੈ। ਸਤਿਯੁੱਗ ਤੋਂ ਕਲਯੁੱਗ ਤੱਕ ਇਸ ਡਰਾਮੇ ਦਾ ਚੱਕਰ ਹੈ। ਬਾਪ ਕਹਿੰਦੇ ਹਨ ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰਨਾ ਹੈ ਅਤੇ ਪਾਵਨ ਵੀ ਜ਼ਰੂਰ ਬਣਨਾ ਹੈ, ਤਾਂ ਹੀ ਤੁਸੀਂ ਸ਼ਾਂਤੀਧਾਮ ਅਤੇ ਸੁਖਧਾਮ ਵਿੱਚ ਜਾ ਸਕੋਗੇ। ਗਾਇਨ ਵੀ ਹੈ ਗਤੀ - ਸਦਗਤੀ ਦਾਤਾ ਇੱਕ ਹੀ ਹੈ। ਸਤਯੁੱਗ ਵਿੱਚ ਬਹੁਤ ਥੋੜ੍ਹੇ ਹੁੰਦੇ ਹਨ ਅਤੇ ਪਵਿੱਤਰ ਹੁੰਦੇ ਹਨ। ਕਲਯੁੱਗ ਵਿੱਚ ਹਨ ਅਨੇਕ ਧਰਮ ਅਤੇ ਅਪਵਿੱਤਰ ਹੋ ਜਾਂਦੇ ਹਨ। ਇਹ ਤਾਂ ਸਹਿਜ਼ ਗੱਲ ਹੈ ਅਤੇ ਬਾਪ ਪਹਿਲਾਂ ਹੀ ਦੱਸ ਦਿੰਦੇ ਹਨ। ਬਾਪ ਤਾਂ ਜਾਣਦੇ ਹਨ ਕਿ ਹੰਗਾਮਾ ਹੋਵੇਗਾ ਜ਼ਰੂਰ। ਨਾਂ ਜਾਨਣ ਤਾਂ ਯੁਕਤੀਆਂ ਕਿਉਂ ਰਚਣ ਕਿ ਚਿੱਠੀ ਲੈ ਕੇ ਆਓ ਕਿ ਅਸੀਂ ਗਿਆਨ ਅੰਮ੍ਰਿਤ ਪੀਣ ਜਾਣਾ ਹੈ। ਜਾਣਦੇ ਹਨ ਇਹ ਝਗੜਾ ਹੋਣ ਦੀ ਵੀ ਡਰਾਮੇ ਵਿੱਚ ਨੂੰਧ ਹੈ। ਆਸ਼ਚਰਿਆਵਤ ਚੰਗੀ ਤਰ੍ਹਾਂ ਪਹਿਚਾਣ ਕੇ ਗਿਆਨ ਲੈਂਦੇ, ਹੋਰਾਂ ਨੂੰ ਵੀ ਗਿਆਨ ਦਿੰਦੇ ਫਿਰ ਵੀ ਅਹੋ ਮਾਇਆ, ਉਨ੍ਹਾਂ ਨੂੰ ਤੂੰ ਆਪਣੀ ਵੱਲ ਖਿੱਚ ਲੈਂਦੀ ਹੈਂ। ਇਹ ਸਭ ਡਰਾਮੇ ਵਿੱਚ ਨੂੰਧ ਹੈ। ਇਸ ਭਾਵੀ ਨੂੰ ਕੋਈ ਟਾਲ ਨਹੀਂ ਸਕਦਾ ਹੈ। ਮਨੁੱਖ ਸਿਰਫ਼ ਅੱਖਰ ਕਹਿ ਦਿੰਦੇ ਹਨ ਪਰ ਅਰਥ ਨਹੀਂ ਸਮਝਦੇ ਹਨ। ਬੱਚੇ, ਇਹ ਬਹੁਤ ਉੱਚੀ ਪੜ੍ਹਾਈ ਹੈ। ਅੱਖਾਂ ਇੰਨੀਆਂ ਧੋਖੇਬਾਜ਼ ਹਨ, ਗੱਲ ਹੀ ਨਾਂ ਪੁੱਛੋਂ। ਤਮੋਪ੍ਰਧਾਨ ਦੁਨੀਆਂ ਹੈ, ਕਾਲਜ਼ਾਂ ਵਿੱਚ ਵੀ ਬਹੁਤ ਖ਼ਰਾਬ ਹੋ ਜਾਂਦੇ ਹਨ। ਵਿਲਾਇਤ ਦੀ ਤਾਂ ਗੱਲ ਹੀ ਨਾਂ ਪੁੱਛੋ। ਸਤਿਯੁੱਗ ਵਿੱਚ ਇੱਦਾਂ ਦੀਆਂ ਗੱਲਾਂ ਨਹੀਂ ਹੁੰਦੀਆਂ। ਉਹ ਲੋਕ ਕਹਿ ਦਿੰਦੇ ਸਤਿਯੁੱਗ ਨੂੰ ਲੱਖਾਂ ਸਾਲ ਹੋ ਗਏ ਹਨ। ਬਾਪ ਕਹਿੰਦੇ ਹਨ ਕਲ ਤੁਹਾਨੂੰ ਰਾਜਭਾਗ ਦੇਕੇ ਗਏ ਸੀ, ਸਭ ਕੁਝ ਗਵਾ ਦਿੱਤਾ ਹੈ। ਲੌਕਿਕ ਵਿੱਚ ਵੀ ਬਾਪ ਕਹਿੰਦੇ ਹਨ ਇੰਨੀ ਤੁਹਾਨੂੰ ਮਲਕੀਅਤ ਦਿੱਤੀ, ਸਭ ਗਵਾ ਦਿੱਤੀ। ਅਜਿਹੇ ਵੀ ਬੱਚੇ ਨਿਕਲ ਪੈਂਦੇ ਹਨ ਜਿਹੜੇ ਧੱਕ ਨਾਲ ਮਲਕੀਅਤ ਨੂੰ ਗਵਾ ਦਿੰਦੇ ਹਨ। ਬੇਹੱਦ ਦਾ ਬਾਪ ਵੀ ਕਹਿੰਦੇ ਹਨ ਮੈਂ ਤੁਹਾਨੂੰ ਕਿੰਨਾਂ ਧਨ ਦੇਕੇ ਗਿਆ, ਕਿੰਨਾ ਤੁਹਾਨੂੰ ਲਾਇਕ ਵਿਸ਼ਵ ਦਾ ਮਾਲਿਕ ਬਣਾਇਆ, ਹੁਣ ਡਰਾਮੇ ਅਨੁਸਾਰ ਤੁਹਾਡਾ ਕੀ ਹਾਲ ਹੋ ਗਿਆ ਹੈ! ਤੁਸੀਂ ਉਹ ਹੀ ਮੇਰੇ ਬੱਚੇ ਹੋ ਨਾ। ਕਿੰਨੇ ਤੁਸੀਂ ਧਨਵਾਨ ਸੀ। ਇਹ ਹੈ ਬੇਹੱਦ ਦੀ ਗੱਲ ਜੋ ਤੁਸੀਂ ਸਮਝਾਉਂਦੇ ਹੋ। ਇੱਕ ਕਹਾਣੀ ਹੈ ਰੋਜ਼ ਕਹਿੰਦਾ ਸੀ ਸ਼ੇਰ ਆਇਆ ਸ਼ੇਰ ਆਇਆ। ਪਰ ਸ਼ੇਰ ਆਉਂਦਾ ਨਹੀਂ ਸੀ। ਇਕ ਦਿਨ ਸੱਚ-ਸੱਚ ਸ਼ੇਰ ਆ ਗਿਆ। ਤੁਸੀਂ ਵੀ ਕਹਿੰਦੇ ਹੋ ਮੌਤ ਆਇਆ ਕਿ ਆਇਆ ਤਾਂ ਕਹਿੰਦੇ ਹਨ ਇਹ ਰੋਜ਼ ਕਹਿੰਦੇ ਹਨ ਵਿਨਾਸ਼ ਤਾਂ ਹੁੰਦਾ ਨਹੀਂ ਹੈ। ਹੁਣ ਤੁਸੀਂ ਜਾਣਦੇ ਹੋ ਇੱਕ ਦਿਨ ਵਿਨਾਸ਼ ਹੋਣਾ ਜ਼ਰੂਰ ਹੈ। ਉਨ੍ਹਾਂ ਦੀ ਫ਼ਿਰ ਕਹਾਣੀ ਬਣਾ ਦਿੱਤੀ ਹੈ। ਬੇਹੱਦ ਦਾ ਬਾਪ ਕਹਿੰਦੇ ਹਨ ਉਨ੍ਹਾਂ ਦਾ ਦੋਸ਼ ਨਹੀਂ ਹੈ। ਕਲਪ ਪਹਿਲਾਂ ਵੀ ਹੋਇਆ ਸੀ। 5 ਹਾਜ਼ਰ ਸਾਲ ਪਹਿਲਾਂ ਦੀ ਗੱਲ ਹੈ। ਬਾਬਾ ਨੇ ਤਾਂ ਬਹੁਤ ਵਾਰ ਬੋਲਿਆ ਹੈ - ਇਹ ਵੀ ਤੁਸੀਂ ਲਿਖਦੇ ਰਹੋ ਕਿ 5 ਹਜ਼ਾਰ ਸਾਲ ਪਹਿਲਾਂ ਵੀ ਹੂਬਹੂ ਇਸ ਤਰ੍ਹਾਂ ਦਾ ਮਿਊਜ਼ੀਅਮ ਖੋਲਿਆ ਸੀ, ਭਾਰਤ ਵਿੱਚ ਦੇਵੀ - ਦੇਵਤਾ ਧਰਮ ਦੀ ਸਥਾਪਨਾ ਕਰਨ ਲਈ। ਇੱਕਦਮ ਕਲੀਅਰ ਲਿਖੋ ਤਾਂ ਆਕੇ ਸਮਝਣ। ਬਾਬਾ ਆਇਆ ਹੋਇਆ ਹੈ। ਬਾਪ ਦਾ ਵਰਸਾ ਹੈ ਹੀ ਸਵਰਗ ਦੀ

ਬਾਦਸ਼ਾਹੀ। ਭਾਰਤ ਸਵਰਗ ਸੀ। ਪਹਿਲਾਂ-ਪਹਿਲਾਂ ਨਵੀਂ ਦੁਨੀਆਂ ਵਿੱਚ ਨਵਾਂ ਭਾਰਤ ਹੈਵਿਨ ਸੀ। ਹੈਵਿਨ ਸੋ ਹੇਲ। ਇਹ ਬਹੁਤ ਵੱਡਾ ਬੇਹੱਦ ਦਾ ਡਰਾਮਾ ਹੈ, ਇਸ ਵਿੱਚ ਸਭ ਪਾਰਟਧਾਰੀ ਹਨ। 84 ਜਨਮਾਂ ਦਾ ਪਾਰਟ ਵਜਾਕੇ ਹੁਣ ਫਿਰ ਵਾਪਿਸ ਜਾਂਦੇ ਹਾਂ। ਪਹਿਲੇ ਅਸੀਂ ਮਾਲਿਕ ਸੀ ਫ਼ਿਰ ਕੰਗਾਲ ਬਣੇ। ਹੁਣ ਫਿਰ ਬਾਬਾ ਦੀ ਮਤ ਤੇ ਚੱਲ ਕੇ ਮਾਲਿਕ ਬਣਦੇ ਹਾਂ। ਤੁਸੀਂ ਜਾਣਦੇ ਹੋ ਅਸੀਂ ਸ਼੍ਰੀਮਤ ਤੇ ਕਲਪ-ਕਲਪ ਭਾਰਤ ਨੂੰ ਸਵਰਗ ਬਣਾਉਂਦੇ ਹਾਂ। ਪਾਵਨ ਵੀ ਜ਼ਰੂਰ ਬਣਨਾ ਹੈ। ਪਾਵਨ ਬਣਨ ਦੇ ਕਾਰਨ ਅੱਤਿਆਚਾਰ ਹੁੰਦੇ ਹਨ। ਬਾਬਾ ਬੱਚਿਆਂ ਨੂੰ ਸਮਝਾਉਂਦੇ ਤਾਂ ਬਹੁਤ ਹਨ ਫ਼ਿਰ ਬਾਹਰ ਜਾਣ ਨਾਲ ਬੇਸਮਝ ਬਣ ਜਾਂਦੇ ਹਨ। ਆਸ਼ਚਰਿਆਵਤ ਸੁਨੰਤੀ, ਕਥੰਤੀ, ਗਿਆਨ ਦੇਵੰਤੀ, ਓਹੋ ਮਮ ਮਾਇਆ, ਉਵੇਂ ਦੇ ਉਵੇਂ ਬਣ ਜਾਂਦੇ ਹਨ ਹੋਰ ਵੀ ਬਦਤਰ। ਕਾਮ ਵਿਕਾਰ ਵਿੱਚ ਫਸੇ ਅਤੇ ਡਿੱਗੇ।

ਸ਼ਿਵਬਾਬਾ ਇਸ ਭਾਰਤ ਨੂੰ ਸ਼ਿਵਾਲਿਆ ਬਣਾਉਂਦੇ ਹਨ, ਤਾਂ ਬੱਚਿਆਂ ਨੂੰ ਵੀ ਪੁਰਸ਼ਾਰਥ ਕਰਨਾ ਚਾਹੀਦਾ। ਇਹ ਬੇਹੱਦ ਦਾ ਬਾਬਾ ਬਹੁਤ ਮਿੱਠਾ ਬਾਬਾ ਹੈ। ਜੇਕਰ ਸਭ ਨੂੰ ਪਤਾ ਚੱਲ ਜਾਵੇ ਤਾਂ ਢੇਰ ਦੇ ਢੇਰ ਆ ਜਾਣ। ਪੜ੍ਹਾਈ ਚੱਲ ਨਾ ਸਕੇ। ਪੜ੍ਹਾਈ ਵਿੱਚ ਤਾਂ ਇਕਾਂਤ ਚਾਹੀਦਾ ਹੈ। ਸਵੇਰ ਨੂੰ ਕਿੰਨੀ ਸ਼ਾਂਤੀ ਰਹਿੰਦੀ ਹੈ। ਅਸੀਂ ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰਦੇ ਹਾਂ। ਯਾਦ ਤੋਂ ਬਿਨਾਂ ਵਿਕਰਮ ਖ਼ਤਮ ਕਿਵੇਂ ਹੋਣਗੇ? ਇਹ ਹੀ ਫੁਰਨਾਂ ਲੱਗਾ ਹੋਇਆ ਹੈ। ਹੁਣ ਪਤਿਤ ਕੰਗਾਲ ਬਣ ਗਏ ਹਾਂ ਫ਼ਿਰ ਪਾਵਨ ਸਿਰਤਾਜ ਕਿਵੇਂ ਬਣੀਏ। ਬਾਪ ਤਾਂ ਬਿਲਕੁਲ ਸਹਿਜ਼ ਗੱਲ ਸਮਝਾਉਂਦੇ ਹਨ। ਹੰਗਾਮਾ ਤਾਂ ਹੋਵੇਗਾ। ਡਰਨ ਦੀ ਕੋਈ ਗੱਲ ਨਹੀਂ। ਬਾਪ ਤਾਂ ਬਿਲਕੁਲ ਸਧਾਰਨ ਹੈ। ਡ੍ਰੇਸ ਆਦਿ ਸਾਰੀ ਉਹ ਹੀ ਹੈ। ਕੁਝ ਵੀ ਫ਼ਰਕ ਨਹੀਂ। ਸੰਨਿਆਸੀ ਤਾਂ ਫ਼ਿਰ ਵੀ ਘਰ - ਬਾਰ ਛੱਡ ਗੇਰੂ ਕਫ਼ਨੀ ਪਾ ਲੈਂਦੇ ਹਨ, ਇਨ੍ਹਾਂ ਦੀ ਤਾਂ ਉਹ ਹੀ ਪਹਿਰਵਾਇਸ ਹੈ। ਸਿਰਫ਼ ਬਾਪ ਨੇ ਪ੍ਰਵੇਸ਼ ਕੀਤਾ ਹੋਰ ਕੋਈ ਫ਼ਰਕ ਨਹੀਂ। ਜਿਵੇਂ ਬਾਪ ਬੱਚਿਆਂ ਨੂੰ ਪਿਆਰ ਨਾਲ ਸੰਭਾਲਦੇ, ਪਾਲਣ - ਪੋਸ਼ਣ ਕਰਦੇ ਹਨ। ਉਵੇਂ ਇਹ ਵੀ ਕਰਦੇ ਹਨ। ਕੋਈ ਹੰਕਾਰ ਦੀ ਗੱਲ ਨਹੀਂ ਹੈ। ਬਿਲਕੁਲ ਸਧਾਰਨ ਚੱਲਦੇ ਹਨ। ਬਾਕੀ ਰਹਿਣ ਲਈ ਮਕਾਨ ਤਾਂ ਬਣਾਉਣਾ ਪਵੇ। ਉਹ ਵੀ ਸਧਾਰਨ। ਤੁਹਾਨੂੰ ਤਾਂ ਬੇਹੱਦ ਦਾ ਬਾਪ ਪੜ੍ਹਾਉਂਦੇ ਹਨ। ਬਾਪ ਤਾਂ ਚੁੰਬਕ ਹੈ। ਘਟੱ ਹੈ ਕੀ! ਬੱਚੀਆਂ ਪਵਿੱਤਰ ਬਣਦੀਆਂ ਹਨ ਤਾਂ ਬਹੁਤ ਸੁੱਖ ਮਿਲਦਾ ਹੈ, ਉਹ ਤਾਂ ਕਹਿ ਦਿੰਦੇ ਕੋਈ ਸ਼ਕਤੀ ਹੈ। ਪਰ ਸ਼ਕਤੀ ਕਿਸਨੂੰ ਕਿਹਾ ਜਾਂਦਾ ਹੈ, ਉਹ ਵੀ ਸਮਝਦੇ ਨਹੀਂ। ਸਰਵਸ਼ਕਤੀਮਾਨ ਬਾਪ ਹੈ, ਉਹ ਸਭ ਨੂੰ ਅਜਿਹਾ ਬਣਾਉਂਦੇ ਹਨ। ਪਰ ਸਾਰੇ ਇਕੋ ਜਿਹੇ ਤਾਂ ਬਣ ਨਹੀਂ ਸਕਦੇ। ਫ਼ਿਰ ਤਾਂ ਫ਼ੀਚਰਜ਼ ਵੀ ਇਕੋ ਜਿਹੇ ਹੋ ਜਾਣ। ਪਦ ਵੀ ਇੱਕ ਹੋ ਜਾਵੇ। ਇਹ ਤਾਂ ਡਰਾਮਾ ਬਣਿਆ ਹੋਇਆ ਹੈ। 84 ਜਨਮਾਂ ਵਿੱਚ ਤੁਹਾਨੂੰ ਉਹ ਹੀ 84 ਫ਼ੀਚਰਜ਼ ਮਿਲਦੇ ਹਨ ਜੋ ਕਲਪ ਪਹਿਲਾਂ ਮਿਲੇ ਸਨ। ਉਹ ਹੀ ਫ਼ੀਚਰਜ਼ ਮਿਲਦੇ ਰਹਿਣਗੇ। ਇਸ ਵਿੱਚ ਫ਼ਰਕ ਨਹੀਂ ਹੋ ਸਕਦਾ। ਕਿੰਨੀਆਂ ਸਮਝਣ ਅਤੇ ਧਾਰਨ ਕਰਨ ਦੀਆਂ ਗੱਲਾਂ ਹਨ। ਵਿਨਾਸ਼ ਤਾਂ ਜ਼ਰੂਰ ਹੋਣਾ ਹੈ। ਵਿਸ਼ਵ ਵਿੱਚ ਸ਼ਾਂਤੀ ਅਜੇ ਤਾਂ ਹੋ ਨਹੀਂ ਸਕਦੀ। ਆਪਸ ਵਿੱਚ ਲੜਦੇ ਰਹਿੰਦੇ ਹਨ। ਮੌਤ ਤਾਂ ਸਿਰ ਤੇ ਖੜ੍ਹੀ ਹੈ। ਡਰਾਮੇ ਅਨੁਸਾਰ ਇੱਕ ਆਦਿ ਸਨਾਤਨ ਦੇਵੀ - ਦੇਵਤਾ ਧਰਮ ਦੀ ਸਥਾਪਨਾ, ਬਾਕੀ ਧਰਮਾਂ ਦਾ ਵਿਨਾਸ਼ ਹੋਣਾ ਹੈ। ਅਟਾਮਿਕ ਬੰਬਸ ਵੀ ਬਣਾਉਂਦੇ ਰਹਿੰਦੇ ਹਨ। ਕੁਦਰਤੀ ਆਫ਼ਤਾਂ ਵੀ ਆਉਣਗੀਆਂ। ਵੱਡੇ-ਵੱਡੇ ਪੱਥਰ ਡਿੱਗਣਗੇ ਜੋ ਸਭ ਮਕਾਨ ਆਦਿ ਟੁੱਟ ਜਾਣਗੇ। ਕਿੰਨਾ ਵੀ ਮਜ਼ਬੂਤ ਮਕਾਨ ਬਣਾ ਲਉ, ਨੀਂਹ ਪੱਕੀ ਬਣਾਉਣ ਪਰ ਰਹਿਣਾ ਤਾਂ ਕੁਝ ਵੀ ਨਹੀਂ ਹੈ। ਉਹ ਸਮਝਦੇ ਹਨ ਅਰਥ ਕੁਵੇਕ ਵਿੱਚ ਵੀ ਡਿੱਗ ਨਾ ਸਕਣ। ਪਰ ਕਹਿੰਦੇ ਹਨ ਕਿੰਨਾ ਵੀ ਕਰੋ, 100 ਮੰਜਿਲਾਂ ਬਣਾਓ ਪਰ ਵਿਨਾਸ਼ ਹੋਣਾ ਹੈ ਜ਼ਰੂਰ। ਇਹ ਕੁਝ ਵੀ ਰਹਿਣਗੇ ਨਹੀਂ।

ਤੁਸੀਂ ਬੱਚੇ ਇੱਥੇ ਆਏ ਹੋ ਸਵਰਗ ਦਾ ਵਰਸਾ ਲੈਣ। ਵਿਲਾਇਤ ਵਿੱਚ ਦੇਖੋ ਕੀ ਲੱਗਿਆ ਹੋਇਆ ਹੈ। ਇਸ ਨੂੰ ਰਾਵਣ ਦਾ ਪੰਪ ਕਿਹਾ ਜਾਂਦਾ ਹੈ। ਮਾਇਆ ਕਹਿੰਦੀ ਹੈ - ਮੈਂ ਵੀ ਘੱਟ ਨਹੀਂ। ਉੱਥੇ ਤਾਂ ਤੁਹਾਡੇ ਹੀਰੇ - ਜਵਾਹਰਤਾਂ ਦੇ ਮਹਿਲ ਹੁੰਦੇ ਹਨ। ਸੋਨੇ ਦੀਆਂ ਸਾਰੀਆਂ ਚੀਜ਼ਾਂ ਹੋਣਗੀਆਂ। ਉੱਥੇ ਤਾਂ ਦੂਜੀ - ਤੀਜੀ ਮੰਜ਼ਿਲ ਬਣਾਉਣ ਦੀ ਲੋੜ ਨਹੀਂ ਹੈ। ਜ਼ਮੀਨ ਤੇ ਵੀ ਖ਼ਰਚ ਨਹੀਂ ਲੱਗਦਾ। ਸਭ ਕੁਝ ਮੌਜੂਦ ਰਹਿੰਦਾ ਹੈ। ਤਾਂ ਬੱਚਿਆਂ ਨੂੰ ਬਹੁਤ ਪੁਰਸ਼ਾਰਥ ਕਰਨਾ ਚਾਹੀਦਾ ਹੈ। ਸਭ ਨੂੰ ਪੈਗ਼ਾਮ ਦੇਣਾ ਹੈ। ਚੰਗੇ-ਚੰਗੇ ਪੰਡੇ ਬਣ ਬੱਚੇ ਆਉਂਦੇ ਹਨ ਰਿਫਰੇਸ਼ ਹੋਣ ਦੇ ਲਈ। ਇਹ ਵੀ ਡਰਾਮੇ ਵਿੱਚ ਨੂੰਧ ਹੈ। ਫ਼ਿਰ ਵੀ ਆਉਣਗੇ। ਇੰਨੇ ਸਾਰੇ ਆਏ ਹਨ, ਪਤਾ ਨਹੀਂ ਇਨ੍ਹਾਂ ਸਾਰਿਆਂ ਨੂੰ ਫ਼ਿਰ ਵੇਖਾਂਗਾ ਜਾ ਨਹੀਂ? ਇਹ ਸਭ ਠਹਿਰ ਸਕਣਗੇ ਜਾਂ ਨਹੀਂ? ਆਏ ਤਾਂ ਢੇਰ ਦੇ ਢੇਰ, ਫ਼ਿਰ ਆਸ਼ਚਰਿਆਵਤ ਭਗੰਤੀ ਹੋ ਗਏ। ਲਿਖਦੇ ਹਨ ਬਾਬਾ ਅਸੀਂ ਡਿੱਗ ਗਏ। ਅਰੇ, ਕੀਤੀ ਕਮਾਈ ਚੱਟ ਕਰ ਦਿੱਤੀ! ਫ਼ਿਰ ਇਨਾਂ ਉੱਚ ਚੜ੍ਹ ਨਹੀਂ ਸਕਦੇ। ਇਹ ਹੈ ਵੱਡੇ ਤੋਂ ਵੱਡੀ ਅਵੱਗਿਆ। ਉਹ ਲੋਕ ਆਰਡੀਨੈਂਸ ਕੱਢਦੇ ਹਨ - ਫਲਾਣੇ ਸਮੇਂ ਤੇ ਕੋਈ ਵੀ ਬਾਹਰ ਨਾਂ ਨਿਕਲੇ, ਨਹੀਂ ਤਾਂ ਸ਼ੂਟ ਕਰ ਦੇਵਾਂਗੇ। ਬਾਪ ਕਹਿੰਦੇ ਹਨ ਵਿਕਾਰ ਵਿੱਚ ਜਾਉਗੇ ਤਾਂ ਸ਼ੂਟ ਹੋ ਜਾਉਗੇ। ਭਗਵਾਨ ਦਾ ਹੁਕਮ ਹੈ ਨਾ - ਖ਼ਬਰਦਾਰ ਰਹਿਣਾ। ਅੱਜਕਲ ਗੈਸ ਆਦਿ ਦੀਆਂ ਇਵੇਂ ਦੀਆਂ ਚੀਜ਼ਾਂ ਕੱਢੀਆਂ ਹਨ ਜੋ ਮਨੁੱਖ ਘਰ ਬੈਠੇ-ਬੈਠੇ ਸਭ ਖ਼ਲਾਸ ਹੋ ਜਾਣ। ਇਹ ਸਭ ਡਰਾਮੇ ਵਿੱਚ ਨੂੰਧ ਹੈ ਕਿਉਂਕਿ ਪਿਛਾੜੀ ਵਿੱਚ ਹਸਪਤਾਲ ਆਦਿ ਰਹਿਣਗੇ ਨਹੀਂ। ਝੱਟ ਆਤਮਾ ਇੱਕ ਸ਼ਰੀਰ ਛੱਡ ਦੂਜਾ ਲੈਂਦੀ ਹੈ। ਦੁੱਖ - ਕਲੇਸ਼ ਆਦਿ ਸਭ ਛੁੱਟ ਜਾਂਦਾ ਹੈ। ਉੱਥੇ ਕਲੇਸ਼ ਆਦਿ ਕੁਝ ਹੁੰਦਾ ਹੀ ਨਹੀਂ। ਆਤਮਾ ਸੁਤੰਤਰ ਹੈ। ਜਿਸ ਸਮੇਂ ਤੇ ਉਮਰ ਪੂਰੀ ਹੁੰਦੀ ਹੈ ਤਾਂ ਸ਼ਰੀਰ ਛੱਡ ਦਿੰਦੀ ਹੈ। ਉੱਥੇ ਕਾਲ ਹੁੰਦਾ ਹੀ ਨਹੀਂ। ਰਾਵਣ ਹੀ ਨਹੀਂ ਹੁੰਦਾ ਤਾਂ ਫਿਰ ਕਾਲ ਕਿਥੋਂ ਆਵੇਗਾ। ਇਹ ਰਾਵਣ ਦੇ ਦੂਤ ਹਨ, ਭਗਵਾਨ ਦੇ ਨਹੀਂ। ਭਗਵਾਨ ਦੇ ਬੱਚੇ ਤਾਂ ਬਹੁਤ ਪਿਆਰੇ ਹਨ। ਬਾਪ ਕਦੇ ਬੱਚਿਆਂ ਦਾ ਦੁੱਖ ਸਹਿਣ ਨਹੀਂ ਕਰ ਸਕਦੇ। ਡਰਾਮੇ ਅਨੁਸਾਰ ਕਲਪ ਦਾ 3 ਹਿੱਸਾ ਤੁਸੀਂ ਸੁੱਖ ਪਾਉਂਦੇ ਹੋ। ਬਾਪ ਇਨਾਂ ਸੁੱਖ ਦਿੰਦੇ ਹਨ ਤਾਂ ਉਨ੍ਹਾਂ ਦੀ ਸ਼੍ਰੀਮਤ ਤੇ ਚੱਲਣਾ ਚਾਹੀਦਾ ਹੈ। ਇਹ ਅੰਤਿਮ ਜਨਮ ਹੈ, ਬਾਪ ਕਹਿੰਦੇ ਹਨ ਗ੍ਰਹਿਸਥ ਵਿਹਾਰ ਵਿੱਚ ਰਹਿ ਅੰਤਿਮ ਜਨਮ ਵਿੱਚ ਪਵਿੱਤਰ ਜ਼ਰੂਰ ਬਣਨਾ ਹੈ। ਬਾਪ ਦੀ ਯਾਦ ਨਾਲ ਹੀ ਵਿਕਰਮ ਵਿਨਾਸ਼ ਹੋਣਗੇ। ਜਨਮ - ਜਨਮਾਂਤਰ ਦੇ ਪਾਪ ਸਿਰ ਤੇ ਹਨ। ਤਮੋਪ੍ਰਧਾਨ ਤੋਂ ਸਤੋਪ੍ਰਧਾਨ ਜ਼ਰੂਰ ਬਣਨਾ ਹੈ। ਬਾਪ ਹੈ ਸਰਵਸ਼ਕਤੀਮਾਨ ਅਥਾਰਟੀ। ਜੋ ਵੀ ਸ਼ਾਸ਼ਤਰ ਆਦਿ ਪੜ੍ਹਦੇ ਹਨ, ਉਨਾਂ ਨੂੰ ਅਥਾਰਟੀ ਕਹਿੰਦੇ ਹਨ। ਹੁਣ ਬਾਪ ਕਹਿੰਦੇ ਹਨ ਸਭ ਦੀ

ਅਥਾਰਟੀ ਮੈਂ ਹਾਂ। ਮੈਂ ਇਸ ਬ੍ਰਹਮਾ ਦੁਆਰਾ ਸਾਰੇ ਸ਼ਾਸਤਰਾਂ ਦਾ ਸਾਰ ਆਕੇ ਸੁਣਾਉਂਦਾ ਹਾਂ। ਆਪਣੇ ਨੂੰ ਆਤਮਾ ਸਮਝ ਮੈਨੂੰ ਯਾਦ ਕਰੋ ਤਾਂ ਪਾਪ ਵਿਨਾਸ਼ ਹੋਣਗੇ। ਬਾਕੀ ਪਾਣੀ ਵਿੱਚ ਇਸ਼ਨਾਨ ਕਰਨ ਨਾਲ ਪਾਵਨ ਕਿੱਦਾਂ ਹੋਣਗੇ! ਕਿੱਥੇ ਚੁੱਲੂ ਪਾਣੀ(ਥੋੜ੍ਹਾ ਜਿਹਾ ਪਾਣੀ) ਹੋਵੇਗਾ ਤਾਂ ਉਸਨੂੰ ਵੀ ਤੀਰਥ ਸਮਝ ਝੱਟ ਇਸ਼ਨਾਨ ਕਰਨਗੇ। ਇਸ ਨੂੰ ਕਿਹਾ ਜਾਂਦਾ ਹੈ ਤਮੋਪ੍ਰਧਾਨ ਨਿਸ਼ਚੇ। ਇਹ ਤੁਹਾਡਾ ਹੈ ਸਤੋਪ੍ਰਧਾਨ ਨਿਸ਼ਚੇ। ਬਾਪ ਸਮਝਾਉਂਦੇ ਹਨ ਇਸ ਵਿੱਚ ਡਰਨ ਦੀ ਗੱਲ ਹੀ ਨਹੀਂ। ਅੱਛਾ!

ਮਿੱਠੇ-ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਭਗਵਾਨ ਨੇ ਜੋ ਪਵਿੱਤਰ ਬਣਨ ਦਾ ਹੁਕਮ ਦਿੱਤਾ ਹੈ, ਉਸਦੀ ਕਦੇ ਵੀ ਅਵੱਗਿਆ ਨਹੀਂ ਕਰਨੀ ਹੈ। ਬਹੁਤ-ਬਹੁਤ ਖ਼ਬਰਦਾਰ ਰਹਿਣਾ ਹੈ। ਬਾਪਦਾਦਾ ਦੋਵਾਂ ਦੀ ਪਾਲਣਾ ਦਾ ਰਿਟਰਨ ਪਵਿੱਤਰ ਬਣ ਕੇ ਦਿਖਾਉਣਾ ਹੈ।

2. ਡਰਾਮੇ ਦੀ ਭਾਵੀ ਅਟੱਲ ਬਣੀ ਹੋਈ ਹੈ, ਉਸਨੂੰ ਜਾਣ ਕੇ ਸਦਾ ਨਿਸ਼ਚਿੰਤ ਰਹਿਣਾ ਹੈ। ਵਿਨਾਸ਼ ਤੋਂ ਪਹਿਲਾਂ ਸਭ ਨੂੰ ਬਾਪ ਦਾ ਪੈਗ਼ਾਮ ਪਹੁੰਚਾਉਣਾ ਹੈ।

ਵਰਦਾਨ:- ਗਿਆਨ ਅੰਮ੍ਰਿਤ ਨਾਲ ਪਿਆਸੀ ਆਤਮਾਵਾਂ ਦੀ ਪਿਆਸ ਬੁੱਝਾਕੇ ਤ੍ਰਿਪਤ ਕਰਨ ਵਾਲੀ ਮਹਾਨ ਪੁੰਨ ਆਤਮਾ ਭਵ। ਕਿਸੇ ਪਿਆਸੇ ਦੀ ਪਿਆਸ ਬੁਝਾਉਣਾ ਇਹ ਮਹਾਨ ਪੁੰਨ ਹੈ। ਜਿਵੇਂ ਪਾਣੀ ਨਾ ਮਿਲੇ ਤਾਂ ਪਿਆਸ ਨਾਲ ਤੜਫਦੇ ਹਨ ਉਵੇਂ ਗਿਆਨ ਅੰਮ੍ਰਿਤ ਨਾ ਮਿਲਣ ਤੇ ਆਤਮਾਵਾਂ ਦੁੱਖ ਅਸ਼ਾਂਤੀ ਨਾਲ ਤੜਫ ਰਹੀਆਂ ਹਨ ਤਾਂ ਉਨ੍ਹਾਂ ਨੂੰ ਗਿਆਨ ਅੰਮ੍ਰਿਤ ਦੇਕੇ ਪਿਆਸ ਬੁਝਾਉਣ ਵਾਲੇ ਬਣੋ। ਜਿਵੇਂ ਭੋਜਨ ਖਾਣ ਦੇ ਲਈ ਫੁਰਸਤ ਕੱਢਦੇ ਹੋ ਕਿਉਂਕਿ ਜਰੂਰੀ ਗੇ, ਇਵੇਂ ਇਹ ਪੁੰਨ ਦਾ ਕੰਮ ਕਰਨਾ ਵੀ ਜਰੂਰੀ ਹੈ। ਇਸਲਈ ਇਹ ਚਾਂਸ ਲੈਣਾ ਹੈ, ਸਮੇਂ ਕੱਢਣਾ ਹੈ - ਤਾਂ ਕਹਾਂਗੇ ਮਹਾਨ ਪੁੰਨ ਆਤਮਾ।

ਸਲੋਗਨ:- ਬੀਤੀ ਨੂੰ ਬਿੰਦੀ ਲਗਾਕੇ ਹਿੰਮਤ ਨਾਲ ਅੱਗੇ ਵਧੋ ਤਾਂ ਬਾਪ ਦੀ ਮਦਦ ਮਿਲਦੀ ਰਹੇਗੀ ।

******